Punjab Government Gazette

Published by Authority

No. 13] CHANDIGARH, FRIDAY, MARCH 27, 2026 (CHAITRA 6, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-3 ਸ਼ਾਖਾ)

ਹੁਕਮ

ਮਿਤੀ 2 ਜੁਲਾਈ, 2025

ਨੰ:HOME-HM-30ESBM/296/2025-2H3(E889788)/I/1140742/2025.-ਪੰਜਾਬ ਪੁਲਿਸ ਦੇ ਜਿਲਾ ਕਾਡਰ ਅਤੇ ਆਰਮਡ ਕਾਡਰ ਵਿੱਚ ਤੈਨਾਤ ਇੰਸਪੈਕਟਰਾਂ ਨੂੰ ਬਤੌਰ ਡੀ.ਐਸ.ਪੀ ਤਰੱਕੀਯਾਬ ਕਰਨ ਸਬੰਧੀ ਮਿਤੀ 23.05.2025 ਨੂੰ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਿਸ਼ਾਂ ਸਨੁਮੁੱਖ ਮਿਤੀ 30.06.2025 ਤੱਕ ਰਿਟਾਇਰਮੈਂਟ ਕਾਰਨ ਡੀ.ਐਸ.ਪੀ. ਕਾਡਰ ਵਿੱਚ ਖਾਲੀ ਹੋਈਆਂ ਅਸਾਮੀਆਂ ਵਿਰੁੱਧ ਅਤੇ ਸ਼ੀਲਡ ਕਵਰ ਵਿੱਚ ਰੱਖੇ ਕਰਮਚਾਰੀਆਂ ਲਈ ਰਿਜ਼ਰਵ ਰੱਖੀਆਂ ਅਸਾਮੀਆਂ ਵਿਰੁੱਧ ਹੇਠ ਲਿਖੇ ਇੰਸਪੈਕਟਰਾਂ ਨੂੰ ਬਤੌਰ ਉਪ ਕਪਤਾਨ ਪੁਲਿਸ ਦੀ ਆਸਾਮੀ ਤੇ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸਾਂ ਅਨੁਸਾਰ ਸੋਧੇ ਤਨਖਾਹ ਸਕੇਲਾਂ ਵਿੱਚ Level 18:56100-177500 ਤੇ ਪਦਉੱਨਤ ਕੀਤਾ ਜਾਂਦਾ ਹੈ:-

ਜਿਲਾ ਕਾਡਰ

ਲੜੀ ਨੰ.	ਸੀਨੀਆਰਤਾ ਨੰ.	ਇੰਸਪੈਕਟਰ ਦਾ ਨਾਮ ਅਤੇ ਨੰਬਰ	ਵਿਸ਼ੇਸ ਕਥਨ
1	1282-ਏ.	ਸੁਖਬੀਰ ਸਿੰਘ, 426/ਬੀ.ਆਰ., 90/ਬੀ.ਆਰ.ਟੀ.	**ਆਮ ਵਰਗ** ਕਰਮਚਾਰੀ ਦੀ ਪਦਉੱਨਤੀ ਉਸਦੇ ਜੂਨੀਅਰ ਕਰਮਚਾਰੀ ਦੇ ਬਤੌਰ ਡੀ.ਐਸ.ਪੀ. ਪਦਉੱਨਤ ਹੋਣ ਦੀ ਮਿਤੀ ਵਾਲੀ ਹੋਵੇਗੀ, ਕਿਉਂਕਿ ਕਰਮਚਾਰੀ ਵਿਰੁੱਧ ਵਿਭਾਗੀ ਕਾਰਵਾਈ ਲੰਬਿਤ ਹੋਣ ਕਾਰਨ ਸ਼ੀਲਡ ਕਵਰ ਵਿੱਚ ਹੋਣ ਕਾਰਨ ਕਰਮਚਾਰੀ ਦੀ ਪਦਉੱਨਤੀ ਸ਼ੀਲਡ ਕਵਰ ਖੋਲਣ ਉਪਰੰਤ ਕੀਤੀ ਗਈ ਹੈ।

2	1453	ਰਾਜੇਸ਼ ਠਾਕੁਰ, 60/ਪੀ.ਆਰ.ਟੀ.	**ਆਮ ਵਰਗ** ਕਰਮਚਾਰੀ ਦੀ ਪਦਉੱਨਤੀ ਉਸਦੇ ਜੂਨੀਅਰ ਕਰਮਚਾਰੀ ਦੇ ਬਤੌਰ ਡੀ.ਐਸ.ਪੀ. ਪਦਉੱਨਤ ਹੋਣ ਦੀ ਮਿਤੀ ਵਾਲੀ ਹੋਵੇਗੀ, ਕਿਉਂਕਿ ਕਰਮਚਾਰੀ ਵਿਰੁੱਧ ਵਿਭਾਗੀ ਕਾਰਵਾਈ ਲੰਬਿਤ ਹੋਣ ਕਾਰਨ ਸ਼ੀਲਡ ਕਵਰ ਵਿੱਚ ਹੋਣ ਕਾਰਨ ਕਰਮਚਾਰੀ ਦੀ ਪਦਉੱਨਤੀ ਸ਼ੀਲਡ ਕਵਰ ਖੋਲਣ ਉਪਰੰਤ ਕੀਤੀ ਗਈ ਹੈ।
3	1632	ਅਮਨਦੀਪ ਸੋਂਧੀ, 0101/ਪੀ.ਏ.ਪੀ., 95/ਬੀ.ਆਰ.ਟੀ,	ਰਾਖਵੇਂ ਨੁਕਤੇ ਵਿਰੁੱਧ
4	1571	ਹਰਵਿੰਦਰ ਸਿੰਘ, 174/ਬੀ.ਐਨ.ਐਲ., 75/867, 1-ਸੀ/212, 435/ਖੰਨਾ	ਆਮ ਵਰਗ
5	1595	ਦੀਪਕ ਸ਼ਰਮਾ, ਜੇ.ਆਰ.ਟੀ./402	ਆਮ ਵਰਗ

ਆਰਮਡ ਕਾਡਰ

ਲੜੀ ਨੰ.	ਸੀਨੀਆਰਤਾ ਨੰ.	ਇੰਸਪੈਕਟਰ ਦਾ ਨਾਮ ਅਤੇ ਨੰਬਰ	ਵਿਸ਼ੇਸ ਕਥਨ
1	531	ਅਜੈ ਸਿੰਘ, 1400/PAP, 930/PAP	**ਆਮ ਵਰਗ** ਕਰਮਚਾਰੀ ਦੀ ਪਦਉੱਨਤੀ ਉਸਦੇ ਜੂਨੀਅਰ ਕਰਮਚਾਰੀ ਦੇ ਬਤੌਰ ਡੀ.ਐਸ.ਪੀ. ਪਦਉੱਨਤ ਹੋਣ ਦੀ ਮਿਤੀ ਵਾਲੀ ਹੋਵੇਗੀ, ਕਿਉਂਕਿ ਕਰਮਚਾਰੀ ਵਿਰੁੱਧ ਵਿਭਾਗੀ ਕਾਰਵਾਈ ਲੰਬਿਤ ਹੋਣ ਕਾਰਨ ਸ਼ੀਲਡ ਕਵਰ ਵਿੱਚ ਹੋਣ ਕਾਰਨ ਕਰਮਚਾਰੀ ਦੀ ਪਦਉੱਨਤੀ ਸ਼ੀਲਡ ਕਵਰ ਖੋਲਣ ਉਪਰੰਤ ਕੀਤੀ ਗਈ ਹੈ।
2	533	ਜਗਪ੍ਰੀਤ ਸਿੰਘ 1381/ਪੀ.ਏ.ਪੀ., 94/ਪੀ.ਏ.ਪੀ.	ਆਮ ਵਰਗ

2. ਇਹ ਪਦ-ਉਨਤੀਆਂ ਹੇਠ ਲਿਖੀਆਂ ਸ਼ਰਤਾਂ ਤੇ ਹੋਣਗੀਆ:

1) ਇਹ ਪਦ ਉਨਤੀਆਂ ਵੱਖ-ਵੱਖ ਮਾਨਯੋਗ ਅਦਾਲਤਾਂ ਵਿਖੇ ਚੱਲਦੇ ਵੱਖ ਵੱਖ ਕੇਸਾਂ ਦੇ ਅੰਤਮ ਫੈਸਲਿਆਂ ਦੇ ਆਧਾਰ ਤੇ ਸੋਧਣ ਯੋਗ ਹੋਣਗੀਆਂ।

2) ਮਾਨਯੋਗ ਸੁਪਰੀਮ ਕੋਰਟ ਵਿਖੇ ਸੰਵਿਧਾਨ ਦੀ 85ਵੀਂ ਸੋਧ ਸਬੰਧੀ ਫੈਸਲੇ ਦੇ ਆਧਾਰ ਤੇ ਮੁੜ ਵਿਚਾਰਨਯੋਗ ਹੋਣਗੀਆਂ।

3) ਜੇਕਰ ਕਿਸੇ ਕਾਰਨ ਵਿਭਾਗ ਦੇ ਇੰਸਪੈਕਟਰਾਂ ਦੀ ਸੀਨੀਆਰਤਾ ਸੂਚੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਆਉਂਦੀ ਹੈ ਤਾਂ ਉਸ ਅਨੁਸਾਰ ਇਨ੍ਹਾਂ ਤਰੱਕੀਆਂ ਤੇ ਮੁੜ ਵਿਚਾਰ ਕੀਤਾ ਜਾਵੇਗਾ।

4) ਇਸ ਅਧਿਕਾਰੀ ਦਾ ਪਰਖ ਕਾਲ ਦਾ ਸਮਾਂ ਇਕ ਸਾਲ ਦਾ ਹੋਵੇਗਾ।

5) ਇਸ ਪੱਦ ਉਨਤੀ ਦੇ ਵਿੱਤੀ ਲਾਭ ਡੀ.ਐਸ.ਪੀ ਦੀ ਅਸਾਮੀ ਦਾ ਕਾਰਜਭਾਰ ਸੰਭਾਲਣ ਦੀ ਮਿਤੀ ਤੋਂ ਮਿਲਣਯੋਗ ਹੋਣਗੇ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਆਲੋਕ ਸ਼ੇਖਰ, ਆਈ.ਏ.ਐਸ.
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ
ਮਿਤੀ 1 ਜੁਲਾਈ, 2025

3671/3-2026/Pb. Govt. Press, S.A.S. Nagar